# ਭਗਤ ਨਾਮਦੇਵ - ਸਬਦ ੫੮

## ਐਸੋ ਰਾਮ ਰਾਇ ਅੰਤਰਜਾਮੀ ॥

### ਰਾਗੁ ਕਾਨੜਾ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੩੧੮

ਐਸੋ ਰਾਮ ਰਾਇ ਅੰਤਰਜਾਮੀ ॥
ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥੧॥ ਰਹਾਉ ॥
ਬਸੈ ਘਟਾ ਘਟ ਲੀਪ ਨ ਛੀਪੈ ॥
ਬੰਧਨ ਮੁਕਤਾ ਜਾਤੁ ਨ ਦੀਸੈ ॥੧॥
ਪਾਨੀ ਮਾਹਿ ਦੇਖੁ ਮੁਖੁ ਜੈਸਾ ॥
ਨਾਮੇ ਕੋ ਸੁਆਮੀ ਬੀਠਲੁ ਐਸਾ ॥੨॥੧॥

ਸਾਰ: ਸਾਡੇ ਨਿੱਜ ਘਰ ਅੰਦਰ ਇਕ ਸ਼ਾਂਤ ਸਹਿਜਮਈ ਖੇਡ ਵਰਤ ਰਹੀ ਹੈ ਜੋ ਸਾਡੇ ਵਿਚਾਰਾਂ ਦੇ ਉਭਾਰ ਅਤੇ ਪਤਨ ਨੂੰ ਨਿਹਾਰਦੀ ਰਹਿੰਦੀ ਹੈ। ਸਾਡੇ ਅੰਦਰ  ਚੱਲਦੇ ਡਰਾਂ ਦਾ ਆਉਣ-ਜਾਣ ਲੱਗਿਆ ਰਹਿੰਦਾ ਹੈ, ਫਿਰ ਵੀ ਇਹ ਸਥਿਰਤਾ ਉਨ੍ਹਾਂ ਦੁਆਰਾ ਅਛੂਤ ਰਹਿੰਦੀ ਹੈ। ਰੁਪਾਂਤ੍ਰਣ ਦਾ ਵਰਤਾਰਾ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਅਸੀਂ ਇਸ ਨਿਰੀਖਣਮਈ ਹਾਜ਼ਰਤਾ ਨੂੰ ਆਪਣੇ ਸਮੀਪ ਮਹਿਸੂਸ ਕਰਦੇ ਹਾਂ।  ਇਹ ਸਮੀਪਤਾ ਸਾਡੇ ਆਪੇ ਨੂੰ ਬੇਚੈਨ ਨਹੀਂ ਕਰਦੀ।  ਬਿਬੇਕ ਦਾ ਉਦਭਵ ਇਸ ਅੰਤਰੀਵੀ ਸ਼ਾਂਤੀ ਨੂੰ ਧਾਰਨ ਕਰਨ ਨਾਲ ਹੁੰਦਾ ਹੈ। ਪ੍ਰੇਰਣਾ ‘ਤੇ ਕਿਰਿਆ, ਅਤੇ ਉਲਝਣਾ ‘ਤੇ ਸਪਸ਼ਟਤਾ ਦੇ ਵਿਚਕਾਰ ਬੇਚੈਨ ਆਪਾ ਸਥਿਰਤਾ ਦੀ ਭਾਲ ਕਰਨੀ ਸਿੱਖ ਜਾਂਦਾ ਹੈ। ਜਾਗ੍ਰਿਤੀ ਦਾ ਪਹੁ ਉਦੋਂ ਫੁੱਟਦੀ ਹੈ ਜਦੋਂ ਸਾਡਾ ਅੰਤਹਕਰਣ ਇਕ ਗਵਾਹ ਦੀ ਤਰ੍ਹਾਂ ਭੂਮਿਕਾ ਨਿਭਾਉਂਦਾ ਹੈ ਅਤੇ ਵਿਚਾਰਾਂ ਦੀ ਜੰਗ ਵਿਚ ਆਪਣਾ ਆਪ ਨਹੀਂ ਭੁੱਲ ਬੈਠਦਾ, ਅਤੇ ਇਸ ਦੇ ਨਾਲ ਇਹ ਵੀ ਸਮਝ ਜਾਂਦਾ ਹੈ ਸਾਡੇ ਵਿਚਾਰ ਸਾਡੀ ਹੋਂਦ ਨੂੰ ਪਰਿਭਾਸ਼ਿਤ ਨਹੀਂ ਕਰ ਸਕਦੇ।

ਐਸੋ ਰਾਮ ਰਾਇ ਅੰਤਰਜਾਮੀ ॥

ਰਾਮ ਰਾਇ, ਅੰਦਰ ਦੀ ਜਾਣਨ ਵਾਲੀ, ਉਹ ਸਰਬ ਵਿਆਪੀ ਚੇਤਨਾ, ਅਜਿਹੀ ਹੀ ਹੈ, ਜੋ ਅੰਦਰ ਦੀ ਹਰ ਗਤੀ ਨੂੰ ਚੁੱਪਚਾਪ ਨਿਹਾਰਦੀ ਰਹਿੰਦੀ ਹੈ। ਇਹ ਭਾਵ ਸਮਝਾਉਂਦਾ ਹੈ ਕਿ ਸਾਡੇ ਅੰਤਹਕਰਣ ਅੰਦਰ

ਵੱਸਦੀ ਦੈਵੀਸਤਾ ਦੂਰ ਨਹੀਂ, ਉਹ ਤਾਂ ਸਾਡੇ ਅੰਦਰ ਵਰਤਦੀ ਅਜਿਹੀ ਸਹਿਜ ਸਮਰੱਥਾ ਹੈ ਜੋ ਸਾਡੇ ਵਿਚਾਰਾਂ ਅਤੇ ਮਨੋਰਥਾਂ ਦੀ ਗਵਾਹ ਬਣੀ ਰਹਿੰਦੀ ਹੈ।

ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥੧॥ ਰਹਾਉ ॥

ਜਿਵੇਂ ਸ਼ੀਸ਼ੇ ਵਿਚ ਦਿਸਦਾ ਸਰੀਰਕ ਰੂਪ ਪ੍ਰਮਾਣਿਤ ਭਾਸਦਾ ਹੈ। ਇਹ ਭਾਵ ਸਵੈ-ਬੋਧ ਦੀ ਤਤਕਾਲਤਾ ਦਾ ਪ੍ਰਤੀਕ ਹੈ; ਜਿਵੇਂ ਇਕ ਸ਼ੀਸ਼ਾ ਬਿਨ੍ਹਾਂ ਕਿਸੇ ਪੱਖਪਾਤ ਜਾਂ ਨਿਰਣੇ, ਭੌਤਿਕ ਰੂਪ ਨੂੰ ਦਰਸਾਉਂਦਾ ਹੈ, ਉਸੇ ਤਰ੍ਹਾਂ ਨਿਰਮਲ ਚੇਤਨਾ ਆਪੇ ਦੀ ਅਸਲ ਸਥਿਤੀ ਨੂੰ ਦਰਸਾਉਂਦੀ ਹੈ। (੧)(ਠਹਿਰਾਉ)

ਬਸੈ ਘਟਾ ਘਟ ਲੀਪ ਨ ਛੀਪੈ ॥

ਇਸ ਦਾ ਵਾਸਾ ਹਰ ਹਿਰਦੇ ਵਿਚ ਹੈ, ਜੋ ਗੁਣਾਂ ਤੋਂ ਨਿਰਲੇਪ ਰਹਿੰਦਾ ਹੋਇਆ, ਉਨ੍ਹਾਂ ਪ੍ਰਤੀ ਅਗਿਆਨ ਵੀ ਨਹੀਂ ਹੁੰਦਾ। ਇਹ ਭਾਵ ਜਨਮਜਾਤ ਚੇਤਨਾ ਦੀ ਪ੍ਰਕਿਰਤੀ ਨੂੰ ਦਰਸਾਉਂਦਾ ਹੈ, ਜੋ ਕਿ ਬਾਹਰੀ ਰੰਗਤ ਜਾਂ ਹਾਲਾਤਾਂ ਤੋਂ ਪ੍ਰਭਾਵਿਤ ਨਹੀਂ ਰਹਿੰਦੀ।

ਬੰਧਨ ਮੁਕਤਾ ਜਾਤੁ ਨ ਦੀਸੈ ॥੧॥

ਬੰਧਨਾਂ ਅਤੇ ਉਲਝਣਾਂ ਤੋਂ ਮੁਕਤ ਅਤੇ ਕਿਸੇ ਵੀ ਦਿੱਖਣ ਵਾਲੀ ਸ਼੍ਰੇਣੀ ਜਾਂ ਪਛਾਣ ਤੋਂ ਰਹਿਤ। ਇਹ ਭਾਵ ਨਿਰਮਲ ਅੰਤਰ-ਆਤਮਾ ਦੀ ਅਸੀਮ ਪ੍ਰਕਿਰਤੀ ਵੱਲ ਸੰਕੇਤ ਕਰਦਾ ਹੈ, ਜੋ ਸਮਾਜਿਕ ਦਰਜਾਬੰਦੀਆਂ, ਪਛਾਣ ਦੇ ਮਾਰਕਿਆਂ ਜਾਂ ਹਉਮੈ ਦੀਆਂ ਸੀਮਾਵਾਂ ਤੋਂ ਪਰੇ ਮੌਜੂਦ ਹੈ। ਜਿੱਥੇ ਇਸ ਇਕੋ ਮੂਲ ਹਾਜ਼ਰਤਾ ਦੇ ਸਾਹਮਣੇ ਅਜਿਹੇ ਸਾਰੇ ਭੇਦ ਅਤੇ ਵਖਰੇਵੇਂ ਆਪਣਾ ਅਰਥ ਗੁਆ ਬੈਠਦੇ ਹਨ। (੧)

ਪਾਨੀ ਮਾਹਿ ਦੇਖੁ ਮੁਖੁ ਜੈਸਾ ॥

ਜਿਵੇਂ ਪਾਣੀ ਵਿਚ ਚਿਹਰੇ ਦਾ ਅਕਸ਼ ਦਿਖਾਈ ਦਿੰਦਾ ਹੈ, ਉਸੇ ਤਰ੍ਹਾਂ ਇਹ ਦ੍ਰਿਸ਼ਟਾਂਤ ਦਰਸਾਉਂਦਾ ਹੈ ਕਿ ਇਕ ਅਨੁਭਵ ਸਾਡੇ ਦੁਆਰਾ ਕੀਤੇ ਚਿੰਤਨ ਦਾ ਰੂਪ ਹੀ ਹੁੰਦਾ ਹੈ।

ਨਾਮੇ ਕੋ ਸੁਆਮੀ ਬੀਠਲੁ ਐਸਾ ॥੨॥੧॥

ਨਾਮਦੇਵ ਕਹਿੰਦੇ ਹਨ ਕਿ ਉਨ੍ਹਾਂ ਲਈ ਸਰਬ-ਵਿਆਪਕ ਸਤਾ ਇਸੇ ਤਰ੍ਹਾਂ ਹੈ। ਇਸ ਦਾ ਭਾਵ ਹੈ ਕਿ ਸ੍ਰਿਸ਼ਟੀ ਦੇ ਸਰੋਤ ਨੂੰ ਵੀ ਇਸੇ ਤਰ੍ਹਾਂ, ਆਪਣੇ ਹੀ ਹੋਂਦ ਦੇ ਪ੍ਰਤੀਬਿੰਬ ਵਜੋਂ ਅਨੁਭਵ ਕੀਤਾ ਜਾਂਦਾ ਹੈ। (੨)(੧)

ਤੱਤ: ਭਗਤ ਨਾਮਦੇਵ ਆਪਣੀ ਸ਼ਰਧਾ ਨੂੰ ਏਕਮਤਾ ਦੀ ਗੂੜ੍ਹ ਭਾਵਨਾ ਦੇ ਰੂਪ ਵੱਜੋਂ ਪ੍ਰਗਟ ਕਰਦੇ ਹਨ ਜੋ ਨੇੜੇ ਮਹਿਸੂਸ ਹੁੰਦੀ ਹੈ, ਅਕਸਰ ਉਸੇ ਤਰ੍ਹਾਂ ਅਨੁਭਵ ਹੁੰਦੀ ਹੈ ਜਿਵੇਂ ਅਸੀਂ ਆਪਣੇ ਅਕਸ਼ ਨੂੰ ਦੇਖਦੇ ਹਾਂ। ਜਦੋਂ ਮਨ ਹਉਮੈ, ਡਰ, ਜਾਂ ਪੱਖਪਾਤ ਦੇ ਘੇਰੇ ਵਿਚ ਹੁੰਦਾ ਹੈ, ਤਾਂ ਹਕੀਕਤ ਖੰਡਿਤ ਦਿਖਾਈ ਦਿੰਦੀ ਹੈ। ਪਰ, ਜਿਵੇਂ ਹੀ ਅਸੀਂ ਆਪਣੇ ਅੰਤਰੀਵੀ ਸੱਚ ਨੂੰ ਉਜਾਗਰ ਕਰਦੇ ਹਾਂ, ਤਾਂ ਅਸੀਂ ਪਛਾਣਦੇ ਹਾਂ ਕਿ ਵਿਸ਼ਵਵਿਆਪੀ ਸਤਾ ਸਾਡੇ ਨੇੜੇ ਹੀ ਨਹੀਂ ਬਲਕਿ ਸਾਡੇ ਅੰਦਰ ਹੀ ਵਿਦਮਾਨ ਹੈ, ਜੋ ਸਾਡੇ ਤੱਤਸਾਰ ਨੂੰ ਸਾਡੇ ਸਾਹਮਣੇ ਸ਼ੀਸ਼ੇ ਦੀ ਤਰ੍ਹਾਂ ਪੇਸ਼ ਕਰਦੀ ਹੈ। ਇਹ ਭਾਵ ਏਕਤਾ ਦੀ ਸਦ ਹਾਜ਼ਰ ਹਕੀਕਤ ਨੂੰ ਪ੍ਰਗਟ ਕਰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: [OnenessInDiversity.com](OnenessInDiversity.com)

ਈਮੇਲ: **onenessindiversityfoundation@gmail.com**